# Phone call between Prime Minister and His Excellency Samdech Akka Moha Sena Padei Techo Hun Sen, Prime Minister of Cambodia

June 10, 2020

## ਪ੍ਰਧਾਨ ਮੰਤਰੀ ਅਤੇ ਕੰਬੋਡੀਆਈ ਪ੍ਰਧਾਨ ਮੰਤਰੀ ਮਹਾਮਹਿਮ ਸੈਮਡੇਕ ਅੱਕਾ ਮੋਹਾ ਸੇਨਾ ਪੜੇ ਟੈਕੋ ਹੁਨ ਸੇਨ ਵਿਚਕਾਰ ਫੋਨ 'ਤੇ ਹੋਈ ਗੱਲਬਾਤ

10 ਜੂਨ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਕੰਬੋਡੀਆਈ ਪ੍ਰਧਾਨ ਮੰਤਰੀ ਮਹਾਮਹਿਮ ਸੈਮਡੇਕ ਅੱਕਾ ਮੋਹਾ ਸੇਨਾ ਪੜੇ ਟੈਕੋ ਹੁਨ ਸੇਨ ਨਾਲ ਫੋਨ 'ਤੇ ਗੱਲਬਾਤ ਕੀਤੀ।

ਦੋਨਾਂ ਆਗੂਆਂ ਨੇ COVID -19 ਮਹਾਂਮਾਰੀ ਬਾਰੇ ਗੱਲਬਾਤ ਕੀਤੀ। ਉਨ੍ਹਾਂ ਨੇ ਇਕ ਦੂਜੇ ਦੇ ਪਰਵਾਸੀਆਂ ਦੀ ਮਦਦ ਕਰਨ ਅਤੇ ਉਨ੍ਹਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਚੱਲ ਰਹੇ ਸਹਿਯੋਗ ਨੂੰ ਜਾਰੀ ਰੱਖਣ ਉੱਤੇ ਸਹਿਮਤੀ ਪ੍ਰਗਟਾਈ।

ਪ੍ਰਧਾਨ ਮੰਤਰੀ ਨੇ ਕੰਬੋਡੀਆ ਨਾਲ, ਜੋ ਆਸੀਆਨ ਦਾ ਮਹੱਤਵਪੂਰਣ ਮੈਂਬਰ ਹੈ ਅਤੇ ਜਿਸਦੇ ਭਾਰਤ ਨਾਲ ਸਾਂਝੇ ਸਭਿਅਕ ਅਤੇ ਸਭਿਆਚਾਰਕ ਸਬੰਧ ਹਨ, ਆਪਣੇ ਰਿਸ਼ਤੇ ਹੋਰ ਮਜ਼ਬੂਤ ਕਰਨ ਪ੍ਰਤੀ ਆਪਣੀ ਵਚਨਬੱਧਤਾ ਦਾ ਜ਼ਿਕਰ ਕੀਤਾ।

ਦੋਨਾਂ ਨੇਤਾਵਾਂ ਨੇ ITEC ਸਕੀਮ ਹੇਠ ਸਮਰਥਾ ਵਧਾਊ ਪ੍ਰੋਗਰਾਮ ਅਤੇ ਮੈਕਾਂਗ-ਗੰਗਾ ਸਹਿਕਾਰਤਾ ਫ੍ਰੇਮਵਰਕ ਤਹਿਤ ਤਤਕਾਲ ਪ੍ਰਭਾਵ ਪ੍ਰਾਜੈਕਟਾਂ ਸਮੇਤ ਦੋਵਾਂ ਦੇਸ਼ਾਂ ਦੀ ਮਜ਼ਬੂਤ ਵਿਕਾਸ ਭਾਈਵਾਲੀ ਦਾ ਜਾਇਜ਼ਾ ਲਿਆ।

ਕੰਬੋਡੀਆਈ ਪ੍ਰਧਾਨ ਮੰਤਰੀ ਨੇ ਕੰਬੋਡੀਆ ਵੱਲੋਂ ਭਾਰਤ ਨਾਲ ਸੰਬੰਧਾਂ ਨੂੰ ਦਿੱਤੀ ਜਾਂਦੀ ਮਹੱਤਤਾ 'ਤੇ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਨੇ ਉਨ੍ਹਾਂ ਦੀ ਇਸ ਭਾਵਨਾ ਨੂੰ ਦੁਹਰਾਇਆ ਅਤੇ ਭਾਰਤ ਦੀ ਐਕਟ ਈਸਟ ਨੀਤੀ ਵਿਚ ਕੰਬੋਡੀਆ ਦੀ ਮਹੱਤਵਪੂਰਣ ਭੂਮਿਕਾ ਉੱਤੇ ਜ਼ੋਰ ਦਿੱਤਾ।

ਨਵੀਂ ਦਿੱਲੀ
10 ਜੂਨ, 2020

DISCLAIMER: This is an approximate translation. The original is available in English on MEA's website and may be referred to as the official press release.